File No. GAD-CORD0P/J/1/2023-GC1

I/730372(1)

**ਪੰਜਾਬ ਸਰਕਾਰ**
**ਆਮ ਰਾਜ ਪ੍ਰਬੰਧ ਵਿਭਾਗ**
**(ਆਮ ਤਾਲਮੇਲ ਸ਼ਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜਨਾਂ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ।

ਮਿਤੀ, ਚੰਡੀਗੜ੍ਹ:- 23.11.2023

ਵਿਸ਼ਾ:- ਸਾਲ 2024 ਦੌਰਾਨ ਪਾਕਿਸਤਾਨ ਵਿਖੇ ਵੱਖ-ਵੱਖ ਸਮਾਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।

******

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ 2024 ਵਿੱਚ ਨਿਮਨ ਲਿਖਤ ਸਮਾਗਮਾਂ ਤੇ ਭਾਰਤ ਸਰਕਾਰ ਵੱਲੋਂ ਸਿੱਖ/ਸਹਿਜਧਾਰੀ ਸਿੱਖ ਯਾਤਰੀਆਂ ਦੇ ਜੱਥੇ ਪਾਕਿਸਤਾਨ ਭੇਜੇ ਜਾਣ ਦੀ ਸੰਭਾਵਨਾ ਹੈ:-

| ਲੜੀ ਨੰ: | ਸਮਾਗਮ | ਮਹੀਨਾਂ | ਸਾਲ |
|---|---|---|---|
| 1. | ਵਿਸ਼ਾਖੀ | ਅਪ੍ਰੈਲ | 2024 |
| 2. | ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | ਮਈ | 2024 |
| 3. | ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ਜੂਨ | 2024 |
| 4. | ਗੁਰੂਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | ਨਵੰਬਰ | 2024 |

2. ਉਪਰੋਕਤ ਜੱਥਿਆਂ ਨਾਲ ਸਰਕਾਰ ਵੱਲੋਂ ਸੰਪਰਕ ਅਫਸਰ (Liaison Officer) ਅਤੇ ਪ੍ਰੇਖਕ ਨਿਯੁਕਤ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀ, ਜਿਹੜੇ ਸੀਨੀਅਰ ਸਹਾਇਕ ਜਾਂ ਇਸ ਤੋਂ ਉਪਰਲੇ ਕਿਸੇ ਪਦਵੀ ਤੇ ਨਿਯੁਕਤ ਹਨ, ਉਪਰੋਕਤ ਨਿਯੁਕਤੀ ਲਈ ਯੋਗ ਹਨ। ਅਫਸਰ ਸਾਹਿਬਾਨ/ਕਰਮਚਾਰੀ, ਜਿਹੜੇ ਇਨ੍ਹਾਂ ਜੱਥਿਆਂ ਨਾਲ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਦੇ ਤੌਰ ਤੇ ਜਾਣ ਲਈ ਇਛੁੱਕ ਹੋਣ, ਉਹ ਆਪਣੇ ਬਿਨੈ- ਪੱਤਰ (ਨਾਲ ਨੱਥੀ ਪ੍ਰੋਫਾਰਮੇ ਅਨੁਸਾਰ) ਆਪਣੇ ਵਿਭਾਗ ਦੇ ਮੁੱਖੀ ਰਾਹੀਂ ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) 6ਵੀਂ ਮੰਜਿਲ (ਹਾਲ), ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਨੂੰ ਮਿਤੀ 10.12.2023 ਤੱਕ ਹਰ ਹਾਲਤ ਵਿੱਚ ਭੇਜਣ ਦੀ ਖੇਚਲ ਕਰਨ। ਇਸ ਮਿਤੀ ਤੋਂ ਬਾਅਦ ਭੇਜੀਆਂ ਗਈਆਂ ਪ੍ਰਤੀਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਸਬੰਧਤ ਪ੍ਰਤੀਬੇਨਤੀ ਤੇ ਵਿਭਾਗ ਦੇ ਮੁੱਖੀ ਵੱਲੋਂ ਇਹ ਤਸਦੀਕ ਕੀਤਾ ਜਾਵੇ ਕਿ ਬਿਨੈਕਾਰ ਵਿਰੁੱਧ ਕੋਈ ਵੀ ਫੌਜ਼ਦਾਰੀ/ ਵਿਭਾਗੀ ਕਾਰਵਾਈ ਦਾ ਕੇਸ ਲੰਬਿਤ ਨਹੀਂ ਹੈ।

3. ਸਕੱਤਰੇਤ ਵਿਖੇ ਕੰਮ ਕਰਦੇ ਚਾਹਵਾਨ ਯੋਗ ਅਧਿਕਾਰੀ/ਕਰਮਚਾਰੀ ਆਪਣੇ ਬਿਨ੍ਹੈ ਪੱਤਰ ਸਕੱਤਰੇਤ ਪ੍ਰਸ਼ਾਸਨ ਰਾਹੀਂ ਭੇਜਣ ਦੀ ਖੇਚਲ ਕਰਨ। ਸਕੱਤਰੇਤ ਪ੍ਰਸ਼ਾਸਨ ਦੀ ਪ੍ਰਵਾਨਗੀ ਬਿਨ੍ਹਾਂ ਪ੍ਰਾਪਤ ਹੋਈ ਪ੍ਰਤੀਬੇਨਤੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ।

4. ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੇਵਲ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਬਿਨੈ ਪੱਤਰਾਂ ਤੇ ਹੀ ਵਿਚਾਰ ਕੀਤਾ ਜਾਵੇਗਾ, ਜਿਹੜੇ ਪਿਛਲੇ 5 ਸ਼ਾਲਾਂ ਦੌਰਾਨ ਜੱਥੇ ਨਾਲ ਕਦੇ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਨਹੀਂ ਗਏ। ਜਿਹੜੇ ਅਧਿਕਾਰੀ/ਕਰਮਚਾਰੀ ਪਹਿਲਾਂ ਕਦੇ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਪਾਕਿਸਤਾਨ ਨਹੀਂ ਗਏ, ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇਗੀ। ਅਧੂਰੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5. ਕਿਸੇ ਵੀ ਬਿਨੈਕਾਰ ਨੂੰ ਜੇਕਰ ਉਹ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਕੀਤਾ ਜਾਂਦਾ ਹੈ, ਤਾਂ ਉਸ ਨੂੰ ਆਮ ਹਾਲਾਤਾਂ ਵਿੱਚ ਆਪਣਾ ਬਿਨ੍ਹੈ ਪੱਤਰ ਵਾਪਿਸ ਲੈਣ ਦੀ ਆਗਿਆ ਨਹੀਂ ਹੋਵੇਗੀ।

6. ਹਰ ਸਹਿਜਧਾਰੀ ਸਿੱਖ ਨੂੰ ਜੇਕਰ ਉਸ ਦੀ ਨਿਯੁਕਤੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਕੀਤੀ ਜਾਂਦੀ ਹੈ, ਤਾਂ ਪਾਕਿਸਤਾਨ ਅੰਬੈਸੀ, ਨਵੀਂ ਦਿੱਲੀ ਤੋਂ ਵੀਜ਼ਾ ਪ੍ਰਾਪਤ ਕਰਨ ਵੇਲੇ, ਜੇਕਰ ਲੋੜ ਹੋਈ, ਇਹ ਹਲਫੀਆ ਬਿਆਨ (Affidavit) ਦੇਣਾ ਪਵੇਗਾ ਕਿ ਉਹ ਬੋਨਾਫਾਈਡ ਸਹਿਜਧਾਰੀ ਸਿੱਖ ਹੈ।

ਅਧੀਨ ਸਕੱਤਰ

ਉਤਾਰਾ ਸਮੂਹ ਵਿਸੇਸ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼ /ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾਂ/ ਲੋੜ੍ਹੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅਧੀਨ ਸਕੱਤਰ, ਤਾਲਮੇਲ

ਅੰ:ਵਿ:ਪੱ:ਨੰ GAD-CORD0P/J/1/2023-GC1/730372(2) ਮਿਤੀ, ਚੰਡੀਗੜ੍ਹ: 23.11.2023

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਸਕੱਤਰ/ਮੰਤਰੀ ਸਾਹਿਬਾਨ,
2. ਸਮੂਹ ਨਿੱਜੀ ਸਕੱਤਰ/ਨਿੱਜੀ ਸਹਾਇਕ/ਸਪੈਸ਼ਲ ਸਕੱਤਰ/ਵਧੀਕ ਸਕੱਤਰ/ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕਰਨ।
3. ਸਮੂਹ ਸ਼ਾਖਾਵਾਂ ਦੇ ਸੁਪਰਡੰਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕਰਨ।

ਅਧੀਨ ਸਕੱਤਰ, ਤਾਲਮੇਲ

ਅੰ:ਵਿ:ਪੱ:ਨੰ: GAD-CORD0P/J/1/2023-GC1/730372(3) ਮਿਤੀ, ਚੰਡੀਗੜ੍ਹ:23.11.2023

# ਪ੍ਰੋਫਾਰਮਾ

1 ਨਾਂ ------------------------------------

2 ਪਿਤਾ/ਪਤੀ ਦਾ ਨਾ ------------------------------------

3 ਜਨਮ ਮਿਤੀ ------------------------------------

4 ਜਨਮ ਅਸਥਾਨ ------------------------------------

5 ਘਰ ਦਾ ਮੌਜੂਦਾ ਪਤਾ ਅਤੇ
ਟੈਲੀਫੋਨ/ਮੋਬਾਇਲ ਨੰ: ------------------------------------

6 ਦਫ਼ਤਰ ਦਾ ਮੌਜੂਦਾ ਪਤਾ ਅਤੇ
ਟੈਲੀਫੋਨ ਨੰ ------------------------------------

7 ਪਾਸਪੋਰਟ ਨੰ: ------------------------------------
(ਪਾਸਪੋਰਟ ਦੀ ਤਸਦੀਕਸੁਦਾ ਕਾਪੀ ਨੱਥੀ ਕੀਤੀ ਜਾਵੇ)

8 ਪਾਸਪੋਰਟ ਕਿਸ ਮਿਤੀ ਤੱਕ ਯੋਗ ਹੈ ------------------------------------

9 ਵੋਟਰ ਕਾਰਡ ਦੀ ਕਾਪੀ ਜਾਂ ਅਧਾਰ ਕਾਰਡ ਦੀ ਕਾਪੀ ------------------------------------

10 ਆਸਾਮੀ ਅਤੇ ਤਨਖਾਹ ਸਕੇਲ ------------------------------------

11 ਰਿਟਾਇਰਮੈਟ ਦੀ ਮਿਤੀ ------------------------------------

12 ਕੀ ਤੁਹਾਡੇ ਵਿਰੁੱਧ ਕੋਈ ਕਰੀਮੀਨਲ ਕੇਸ ਜਾਂ ਕੋਈ ਵਿਭਾਗੀ ਅਨੁਸਾਸਨੀ ਕਾਰਵਾਈ ਦਾ ਕੇਸ ਲੰਬਿਤ ਤਾ ਨਹੀਂ ਹੈ? ਜੇ ਹੈ ਤਾ ਉਸਦਾ ਵੇਰਵਾ ------------------------------------

13 ਕੀ ਪਹਿਲਾਂ ਕਦੇ ਬਤੌਰ ਸੰਪਰਕ ਅਫ਼ਸਰ/ਪ੍ਰੇਖਕ
ਨਿਯੁਕਤ ਹੋਏ ਹੋ? ਜੇਕਰ ਹਾਂ, ਤਾਂ ਪੂਰਾ ਵੇਰਵਾ ------------------------------------

14 ਜੇਕਰ ਪਹਿਲਾਂ ਕੋਈ ਵਿਦੇਸੀ ਸਿੱਕਾ ਲਿਆ ਹੋਵੇ ਤਾਂ ਮੰਤਵ ------------------------------------

15 ਕੀ ਸਹਿਜਧਾਰੀ ਸਿੱਖ ਹੋ ------------------------------------

16 ਕੀ ਪਹਿਲਾਂ ਕਦੇ ਪਾਕਿਸਤਾਨ ਗਏ ਹੋ, ਜੇਕਰ ਹਾਂ ਤਾ ਪੂਰਾ ਵੇਰਵਾ ------------------------------------

17 ਜੱਥੇ ਨਾਲ ਜਾਣ ਵਾਲੇ ਪ੍ਰੀਵਾਰ ਦੇ ਮੈਬਰਾਂ/ਰਿਸਤੇਦਾਰਾਂ ਦਾ ਵੇਰਵਾ ਹੇਠ ਅਨੁਸਾਰ ਦਿੱਤਾ ਜਾਵੇ:-

| ਨਾਮ | ਰਿਸਤਾ | ਕਿੱਤਾ | ਘਰ ਦਾ ਮੌਜੂਦਾ ਪਤਾ | ਪਾਸਪੋਰਟ ਨੰ: ਅਤੇ ਮਿਆਦ ਦੀ ਕਾਪੀ ਨੱਥੀ ਕੀਤੀ ਜਾਵੇ |
|---|---|---|---|---|

------------------------------------------------------------------------

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋਂ ਦਿੱਤੀ ਗਈ ਸੁਚਨਾ ਸਹੀ/ਦੁਰੱਸਤ ਹੈ। ਇਸ ਵਿੱਚ ਮੇਰੇ ਵੱਲੋਂ ਕੁਝ ਵੀ ਛੁਪਾਕੇ ਨਹੀਂ ਰੱਖਿਆ ਗਿਆ ਹੈ।

ਬੇਨਤੀਕਾਰ ਦੇ ਹਸਤਾਖਰ
ਪਤਾ:
ਮਿਤੀ: